ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ
(ਸਥਾਨਕ ਸਰਕਾਰ-3 ਸ਼ਾਖਾ)
ਅਧਿਸੂਚਨਾ

ਮਿਤੀ,ਚੰਡੀਗੜ੍ਹ:24.11.2016

ਨੰ:16/37(21)/2016-5ਸਸ3/2438 ਜਿਵੇਂ ਕਿ ਨਗਰ ਪੰਚਾਇਤ, ਖਮਾਣੋਂ, ਜਿਲ੍ਹਾ ਫਤਿਹਗੜ੍ਹ ਸਾਹਿਬ ਵੱਲੋ "ਦੀ ਪੰਜਾਬ ਪਰੋਹਿਬੀਸ਼ਨ ਆਫ ਕਾਓ ਸਲਾਟਰ ਐਕਟ 1955 (15 ਆਫ 1956)" ਦੀ ਧਾਰਾ 07 ਅਧੀਨ ਆਪਣੇ ਮਤਾ ਨੰ: 59 ਮਿਤੀ: 30-10-2015 ਰਾਹੀਂ ਕਾਓ ਸੈਸ ਲਗਾਉਣਾ ਪ੍ਰਵਾਨ ਕੀਤਾ ਹੈ। ਇਸ ਦੇ ਸਬੰਧ ਵਿੱਚ 2 ਅਖਬਾਰਾਂ ਰਾਹੀਂ ਜਨਤਕ ਸੂਚਨਾ ਪ੍ਰਕਾਸ਼ਿਤ ਕਰਵਾ ਕੇ ਆਮ ਜਨਤਾ ਪਾਸੋਂ ਇਤਰਾਜ ਅਤੇ ਸੁਝਾਓ ਮੰਗੇ ਗਏ ਸਨ ਪਰੰਤੂ ਕੋਈ ਇਤਰਾਜ ਵਾ ਸੁਝਾਓ ਪ੍ਰਾਪਤ ਨਾ ਹੋਣ ਤੇ ਨਗਰ ਪੰਚਾਇਤ, ਖਮਾਣੋਂ, ਜਿਲ੍ਹਾ ਫਤਿਹਗੜ੍ਹ ਸਾਹਿਬ ਵੱਲੋ ਆਪਣੇ ਮਤਾ ਨੰ: 129 ਮਿਤੀ: 27-05-2016 ਰਾਹੀਂ ਕਾਓ ਸੈਸ ਲਗਾਉਣਾ ਪ੍ਰਵਾਨ ਕੀਤਾ ਗਿਆ ਹੈ।

2 ਇਸ ਲਈ ਹੁਣ "ਦੀ ਪੰਜਾਬ ਪਰੋਹਿਬੀਸ਼ਨ ਆਫ ਕਾਓ ਸਲਾਟਰ ਐਕਟ 1955 (15 ਆਫ 1956)" ਦੀ ਧਾਰਾ 07 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਘੋਸ਼ਣਾ ਕਰਦੇ ਹਨ ਕਿ ਨਗਰ ਪੰਚਾਇਤ, ਖਮਾਣੋਂ, ਜਿਲ੍ਹਾ ਫਤਿਹਗੜ੍ਹ ਸਾਹਿਬ ਦੇ ਖੇਤਰ ਵਿਖੇ ਹੇਠ ਲਿਖੀਆਂ ਵਸਤਾਂ ਦੀ ਵਿਕਰੀ ਉਤੇ ਫੀਸ (ਕਾਓ ਸੈਸ) ਲਾਗੂ ਹੋਵੇਗਾ ਅਤੇ ਜਿਸ ਦੀਆਂ ਕੁਲੈਕਟਿੰਗ ਏਜੰਸੀਆਂ ਹੇਠਾਂ ਦਿਤੇ ਟੇਬਲ ਵਿਚ ਘੋਸ਼ਿਤ ਕੀਤੀਆਂ ਜਾਂਦੀਆਂ ਹਨ:-

| ਲੜੀ ਨੰ: | ਆਈਟਮ ਦਾ ਨਾਂ | ਪ੍ਰਤੀ ਆਈਟਮ ਸੈਸ | ਕੁਲੈਕਟਿੰਗ ਏਜੰਸੀਆਂ ਦੇ ਨਾਮ |
|---|---|---|---|
| 1 | ਤੇਲ ਟੈਂਕਰ ਪ੍ਰਤੀ ਚੱਕਰ | 100 ਰੁਪਏ | ਨਗਰ ਪੰਚਾਇਤ, ਖਮਾਣੋਂ |
| 2 | ਸ਼ਰਾਬ ਅੰਗਰੇਜੀ ਪ੍ਰਤੀ ਬੋਤਲ | 10 ਰੁਪਏ | ਸਹਾਇਕ ਕਰ ਤੇ ਆਬਕਾਰੀ ਕਮਿਸ਼ਨਰ, ਫਤਿਹਗੜ੍ਹ ਸਾਹਿਬ |
| 3 | ਸ਼ਰਾਬ ਦੇਸੀ ਅਤੇ ਬੀਅਰ ਪ੍ਰਤੀ ਬੋਤਲ | 5 ਰੁਪਏ | ਸਹਾਇਕ ਕਰ ਤੇ ਆਬਕਾਰੀ ਕਮਿਸ਼ਨਰ, ਫਤਿਹਗੜ੍ਹ ਸਾਹਿਬ |
| 4 | ਸੀਮੈਂਟ ਪ੍ਰਤੀ ਬੈਗ | 1 ਰੁਪਏ | ਨਗਰ ਪੰਚਾਇਤ, ਖਮਾਣੋਂ |
| 5 | ਬਿਜਲੀ ਪ੍ਰਤੀ ਯੂਨਿਟ | 02 ਪੈਸੇ | ਉਪ ਮੰਡਲ ਇੰਜੀਨੀਅਰ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ, ਖਮਾਣੋ। |
| 6 | ਮੇਰਿਜ ਪੈਲੇਸ ਏ.ਸੀ. (ਪ੍ਰਤੀ ਫੰਕਸ਼ਨ) | 1000 ਰੁਪਏ | ਨਗਰ ਪੰਚਾਇਤ, ਖਮਾਣੋਂ |
| 7 | ਮੈਰਿਜ ਪੈਲੇਸ ਨਾਨ ਏ.ਸੀ. (ਪ੍ਰਤੀ ਫੰਕਸ਼ਨ) | 500 ਰੁਪਏ | ਨਗਰ ਪੰਚਾਇਤ, ਖਮਾਣੋਂ |
| 8 | ਫੋਰ ਵ੍ਹੀਲਰ ਗੱਡੀ (ਪ੍ਰਤੀ ਵਹੀਕਲ ਦੀ ਵਿੱਕਰੀ ਤੇ) | 1000 ਰੁਪਏ | ਜਿਲ੍ਹਾ ਟਰਾਂਸਪੋਰਟ ਅਫਸਰ, ਫਤਿਹਗੜ੍ਹ ਸਾਹਿਬ |
| 9 | ਦੋ ਵ੍ਹੀਲਰ (ਪ੍ਰਤੀ ਵਹੀਕਲ ਦੀ ਵਿੱਕਰੀ ਤੇ) | 200 ਰੁਪਏ | ਜਿਲ੍ਹਾ ਟਰਾਂਸਪੋਰਟ ਅਫਸਰ, ਫਤਿਹਗੜ੍ਹ ਸਾਹਿਬ |

ਲੜੀ ਨੰ: 2 ਅਤੇ 3 ਤੇ ਫੀਸ (ਕਾਓ ਸੈਸ) ਵਿਤੀ ਸਾਲ 2017-18 ਤੋਂ ਲਾਗੂ ਹੋਵੇਗਾ।

ਮਿਤੀ, ਚੰਡੀਗੜ੍ਹ:
23.11.2016

ਸਤੀਸ਼ ਚੰਦਰਾ, ਆਈ.ਏ.ਐਸ.
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ।

ਪਿੱਠ ਅੰਕਣ ਨੰ:16/37(21)/2016-5ਸਸ3/2439 ਮਿਤੀ, ਚੰਡੀਗੜ੍ਹ:24.11.2016

ਇਸ ਦਾ ਇੱਕ ਉਤਾਰਾ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਐਸ.ਏ.ਐਸ. ਨਗਰ (ਮੋਹਾਲੀ) ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਪੰਜਾਬ ਸਰਕਾਰ ਦੇ ਅਸਾਧਾਰਣ ਗਜਟ ਵਿੱਚ ਛਾਪਣ ਦੀ ਖੇਚਲ ਕੀਤੀ ਜਾਵੇ ।

O/c ਵਿਸ਼ੇਸ਼ ਸਕੱਤਰ ਸਥਾਨਕ ਸਰਕਾਰ

ਪਿੱਠ ਅੰਕਣ ਨੰ:16/37(21)/2016-5ਸਸ3/2440 ਮਿਤੀ, ਚੰਡੀਗੜ੍ਹ:24.11.2016

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1 ਵਿਤੀ ਕਮਿਸ਼ਨਰ, ਕਰ ਅਤੇ ਆਬਕਾਰੀ ਵਿਭਾਗ, ਪੰਜਾਬ, ਚੰਡੀਗੜ੍ਹ।
2 ਪ੍ਰਮੁੱਖ ਸਕੱਤਰ, ਖੁਰਾਕ ਤੇ ਸਪਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
3 ਪ੍ਰਮੁੱਖ ਸਕੱਤਰ, ਟਰਾਂਸਪੋਰਟ, ਪੰਜਾਬ, ਚੰਡੀਗੜ੍ਹ।
4 ਪ੍ਰਮੁੱਖ ਸਕੱਤਰ, ਪਾਵਰ ਵਿਭਾਗ, ਪੰਜਾਬ, ਚੰਡੀਗੜ।
5 ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ।
6 ਕਰ ਅਤੇ ਆਬਕਾਰੀ ਕਮਿਸ਼ਨਰ, ਪੰਜਾਬ, ਪਟਿਆਲਾ।
7 ਡਾਇਰੈਕਟਰ, ਖੁਰਾਕ ਤੇ ਸਪਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
8 ਚੇਅਰਮੈਨ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ, ਪਟਿਆਲਾ।
9 ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ।
10 ਡਿਪਟੀ ਕਮਿਸ਼ਨਰ, ਫਤਿਹਗੜ੍ਹ ਸਾਹਿਬ।
11 ਉਪ-ਮੰਡਲ ਮੈਜਿਸਟਰੇਟ, ਖਮਾਣੋਂ।
12 ਰੀਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਲੁਧਿਆਣਾ।
13 ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਖਮਾਣੋਂ, ਜਿਲ੍ਹਾ ਫਤਿਹਗੜ੍ਹ ਸਾਹਿਬ
14 ਜਿਲ੍ਹਾ ਟਰਾਂਸਪੋਰਟ ਅਫਸਰ, ਫਤਿਹਗੜ੍ਹ ਸਾਹਿਬ
15 ਪ੍ਰੀਖਕ, ਲੋਕਲ ਫੰਡ ਅਕਾਊਂਟਸ, ਪੰਜਾਬ, ਚੰਡੀਗੜ੍ਹ।
16 ਡਾਇਰੈਕਟਰ ਟਾਊਨ ਪਲਾਨਿੰਗ ਵਿੰਗ, ਸਥਾਨਕ ਸਰਕਾਰ ਵਿਭਾਗ, ਪੰਜਾਬ,ਚੰਡੀਗੜ।
17 ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਫਤਿਹਗੜ੍ਹ ਸਾਹਿਬ।
18 ਚੇਅਰਮੈਨ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ, ਖਮਾਣੋਂ।

O/C ਵਿਸ਼ੇਸ਼ ਸਕੱਤਰ ਸਥਾਨਕ ਸਰਕਾਰ